**ਪੰਜਾਬ ਸਕੂਲ ਸਿੱਖਿਆ ਬੋਰਡ**
ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
ਪੰਜਾਬ ਓਪਨ ਸਕੂਲ

ਪੱਤਰ ਨੰ: ਪਸਸਬ-ਓਸ-
ਮਿਤੀ: 30-05-2011

ਵੱਲ

ਪੰਜਾਬ ਓਪਨ ਸਕੂਲ ਦੇ ਅਧਿਐਨ ਕੇਂਦਰਾਂ ਦੇ ਸਮੂਹ ਮੁੱਖੀ ਸਾਹਿਬਾਨ

**ਵਿਸ਼ਾ:-** **ਪੰਜਾਬ ਓਪਨ ਸਕੂਲ ਦੀ ਪੜ੍ਹਾਈ ਸਕੀਮ, ਦਾਖਲਾ ਫਾਰਮ ਅਤੇ ਪ੍ਰੀਖਿਆ ਫਾਰਮ ਭਰਨ ਸਬੰਧੀ ਸਪੱਸ਼ਟੀਕਰਨ।**

ਪੰਜਾਬ ਓਪਨ ਸਕੂਲ ਦੀ ਪੜ੍ਹਾਈ ਸਕੀਮ ਅਧੀਨ ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਕੋਰਸ ਲਾਗੂ ਹਨ ਜਿਸ ਲਈ ਦਾਖਲੇ ਦੀਆ ਮਿਤੀਆਂ 16-5-2011 ਤੱਕ ਬਿਨਾ ਲੇਟ ਅਤੇ ਮਿਤੀ 31-5-2011 ਤੱਕ 250/- ਰੁ: ਲੇਟ ਫੀਸ ਨਾਲ ਨਿਰਧਾਰਤ ਕੀਤੀਆਂ ਗਈਆਂ ਹਨ। ਕਿਉਕਿ ਖੇਤਰ ਦੀ ਮੰਗ ਅਨੁਸਾਰ ਪੜ੍ਹਾਈ ਸਕੀਮ ਵਿਚ ਸੁਧਾਰ ਕਰਨ ਲਈ ਕੁਝ ਤਬਦੀਲੀ ਕੀਤੀ ਗਈ ਹੈ ਇਸ ਲਈ ਖੇਤਰ ਵਿਚੋਂ ਆ ਰਹੀ ਪੁਛ-ਗਿੱਛ ਦੇ ਸਬੰਧ ਵਿੱਚ ਸਪੱਸ਼ਟ ਕੀਤਾ ਜਾਂਦਾ ਹੈ :-

1 ਅਕਾਦਮਿਕ ਸਾਲ 2011-12 ਲਈ ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਅੰਦਰੂਨੀ ਪ੍ਰੀਖਿਆ ਦੇ ਵਿਸ਼ਿਆਂ ਤੋਂ ਛੋਟ ਦਿੱਤੀ ਗਈ ਹੈ ਜੋ ਕਿ ਰੈਗੂਲਰ ਵਿਦਿਆਰਥੀਆਂ ਲਈ ਲੈਣੇ ਲਾਜਮੀ ਹਨ। ਓਪਨ ਸਕੂਲ ਦੇ ਮੈਟ੍ਰਿਕ ਅਤੇ ਸੀਨੀਅਰ ਸੈਕੰਡਰੀ ਸ੍ਰੇਣੀਆਂ ਲਈ ਵਿਸ਼ਿਆਂ ਦਾਵੇਰਵਾ ਹੇਠ ਅਨੁਸਾਰ ਹੈ:-

- ਮੈਟ੍ਰਿਕੁਲੇਸ਼ਨ ਲਈ ਕੁਲ ਛੇ ਵਿਸ਼ੇ ;
  ਲਾਜ਼ਮੀ : ਪੰਜਾਬੀ

  **ਗਰੁੱਪ ਏ- ਕੋਈ ਚਾਰ ਜਾਂ ਪੰਜ ਵਿਸ਼ੇ**

  ਅੰਗਰੇਜ਼ੀ, ਗਣਿਤ, ਹਿੰਦੀ, ਵਿਗਿਆਨ, ਸਮਾਜਿਕ ਸਿੱਖਿਆ

  **ਗਰੁੱਪ ਬੀ- ਕੋਈ ਇੱਕ ਵਿਸ਼ਾ, ਜੇਕਰ ਗਰੁੱਪ ਏ ਵਿੱਚੋਂ ਚਾਰ ਵਿਸ਼ੇ ਚੁਣੇ ਹਨ:**

  ਕੰਪਿਊਟਰ ਸਾਇੰਸ, ਸਿਹਤ ਤੇ ਸਰੀਰਕ ਸਿੱਖਿਆ, ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ, ਕਟਾਈ ਤੇ ਸਿਲਾਈ, ਖੇਤੀਬਾੜੀ, ਗ੍ਰਹਿ ਵਿਗਿਆਨ, ਸਿਹਤ ਵਿਗਿਆਨ, ਉਰਦੂ, ਸੰਸਕ੍ਰਿਤ, ਸੰਗੀਤ (ਵਾਦਨ), ਸੰਗੀਤ (ਤਬਲਾ), ਸੰਗੀਤ (ਗਾਇਨ))
- ਸੀਨੀਅਰ ਸੈਕੰਡਰੀ ਸ੍ਰੇਣੀ ਲਈ (ਹਿਊਮੈਨਟੀਜ, ਸਾਇੰਸ, ਅਤੇ ਮਿਸ਼ਰਤ ਗਰੁੱਪ) ਲਈ ਕੁਲ ਪੰਜ ਵਿਸ਼ੇ ਅਤੇ ਸੀਨੀਅਰ ਸੈਕੰਡਰੀ ਕਾਮਰਸ ਗਰੁੱਪ ਲਈ ਕੁਲ ਛੇ ਵਿਸ਼ੇ ਹੋਣਗੇ।
- ਹੋਰ ਵਿਸਥਾਰ ਲਈ ਬੋਰਡ ਦੀ ਵੈਬਸਾਈਟ www.pseb.ac.in ਤੋਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

2 ਅਗਵਾਈ ਲੀਹਾਂ ਵਿੱਚ ਦਿੱਤੇ ਪ੍ਰੋਫਾਰਮਾ 2 ਅਨੁਸਾਰ ਵਿਦਿਆਰਥੀਆਂ ਦੇ ਵਿਸ਼ਿਆਂ ਸਬੰਧੀ ਸੈਂਟਰ ਸਟੇਟਮੈਂਟ ਤਿੰਨ ਪਰਤਾਂ ਵਿਚ ਓਪਨ ਸਕੂਲ ਸ਼ਾਖਾ ਨੂੰ ਮਿਤੀ 12-6-2011 ਤੱਕ ਭੇਜੀ ਜਾਵੇ ਤਾਂ ਜੋ ਉਸ ਅਨੁਸਾਰ ਪਾਠ ਸਮੱਗਰੀ ਸਮੇਂ ਸਿਰ ਡਿਪੂਆਂ ਤੇ ਮੁਹੱਈਆ ਕਰਵਾਈ ਜਾ ਸਕੇ।

**3 ਸਮੂਹ ਅਧਿਐਨ ਕੇਂਦਰਾਂ ਨੂੰ ਸਪੱਸ਼ਟ ਕੀਤਾ ਜਾਂਦਾ ਹੈ ਕਿ ਓਪਨ ਸਕੂਲ ਦੇ ਵਿਦਿਆਰਥੀਆਂ ਦੇ ਦਾਖਲਾ ਫਾਰਮ ਭਰਨ ਤੋਂ ਇਲਾਵਾ ਉਨਾਂ ਦੀ ਸਮੈਸਟਰ-ਵਾਈਜ ਪ੍ਰੀਖਿਆ ਲਈ ਕੰਪਿਊਟਰਾਈਜਡ ਪ੍ਰੀਖਿਆ ਫਾਰਮ/ਫੀਸ ਵੱਖਰੇ ਤੌਰ ਤੇ ਪ੍ਰੀਖਿਆ ਸ਼ਾਖਾਵਾਂ ਨੂੰ ਭੇਜੀ ਜਾਣੀ ਹੈ। ਇਸ ਸਬੰਧ ਵਿੱਚ ਰੈਗੂਲਰ ਵਿਦਿਆਰਥੀਆਂ ਵਾਂਗ ਪ੍ਰੀਖਿਆ ਸ਼ਾਖਾਵਾਂ ਵੱਲੋਂ ਜਾਰੀ ਕੀਤੇ ਸ਼ੈਡਿਊਲ ਅਨੁਸਾਰ ਕੰਪਿਊਟਰਾਈਜਡ ਪ੍ਰੀਖਿਆ ਫਾਰਮ ਤੇ ਪ੍ਰੀਖਿਆ ਫੀਸ ਨਿਰਧਾਰਿਤ ਮਿਤੀ ਤੱਕ ਭੇਜੀ ਜਾਵੇ।**

ਸੰਯੁਕਤ ਸਕੱਤਰ (ਓਪਨ ਸਕੂਲ)